ISSN: 2584-0509



# ਸ਼੍ਰੀ ਗੁਰੂ ਰਾਮਦਾਸ ਜੀ ਰਚਿਤ 'ਗਉੜੀ ਕੀ ਵਾਰ': ਪਉੜੀਆਂ ਦੀ ਆਪਸੀ ਸਬੰਧਾਤਮਕਤਾ



ਡਾ. ਰਾਜਨਦੀਪ ਕੌਰ
ਸਹਾਇਕ ਪ੍ਰੋਫੈਸਰ ਤੇ ਮੁਖੀ
ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ
ਬੁਢਲਾਡਾ (ਮਾਨਸਾ)
+91 9855767477

ਮਨੁੱਖ ਦੀ ਜੀਣ-ਥੀਣ ਦੀ ਜਾਂਚ ਤੇ ਰਹਿਤਲ ਦੀ ਵੰਨ-ਸਵੰਨਤਾ ਵਿੱਚੋਂ ਬੋਲੀ ਤੇ ਸਾਹਿਤ ਪਨਪਦਾ ਹੈ। ਪੰਜਾਬੀਆਂ ਦੇ ਅੱਖੜ ਸੁਭਾਅ,ਪੰਜਾਬੀ ਮਨੁੱਖ ਦੇ ਲੰਮੇਰੇ ਸੰਘਰਸ਼ ਤੇ ਜੋਸ਼ੀਲੇ ਵਿਰਸੇ ਦੀ ਗਾਥਾ ਦੇ ਬਿਰਤਾਂਤ ਵਿੱਚੋਂ ਪੰਜਾਬ ਦਾ ਲੋਕ ਸਾਹਿਤ ਹੋਂਦ ਵਿਚ ਆਇਆ ਜਿਸ ਵਿੱਚੋਂ ਵਾਰ ਸਾਹਿਤ ਪੰਜਾਬੀ ਵਿਰਸੇ ਦੀ ਗੌਰਵਤਾ ਨੂੰ ਪੀੜ੍ਹੀ-ਦਰ-ਪੀੜ੍ਹੀ ਸਿਰਜਦਾ ਹੈ,।ਇਹ ਸਾਹਿਤ ਪੰਜਾਬੀਆਂ ਦੇ ਅਣਖ,ਗੌਰਵ ਲਈ ਜੂਝ ਮਰਨ ਦਾ ਵੀ ਪ੍ਰੇਰਕ ਹੈ।। 'ਵਾਰ' ਲੋਕ-ਕਾਵਿ ਪਰੰਪਰਾ ਦਾ ਮਹੱਤਵਪੂਰਨ ਕਾਵਿ-ਰੂਪ ਹੈ। ਪੰਜਾਬੀ ਦੀ ਲੰਮੇਰੀ ਲੋਕ ਵੀਰ-ਰਸੀ ਕਾਵਿ ਪਰੰਪਰਾ ਉਪਰੰਤ ਪੰਜਾਬੀ ਸਾਹਿਤ ਵਿਚ ਵਾਰ-ਪਰੰਪਰਾ ਸ੍ਰੇਸ਼ਟ ਸਾਹਿਤ ਵਜੋਂ ਉਸ ਸਮੇਂ ਉਭਰਦਾ ਹੈ, ਜਦੋਂ ਇਸ ਕਾਵਿ-ਰੂਪ ਦੀ ਵਰਤੋਂ ਅਧਿਆਤਮਕ ਖੇਤਰ ਵਿਚ ਵੀ ਕੀਤੀ ਜਾਣ ਲੱਗੀ।। ਇਸ ਕਾਵਿ-ਪਰੰਪਰਾ ਦਾ ਪ੍ਰਾਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਤਿੰਨ ਵਾਰਾਂ ਦੀ ਵੱਖ-ਵੱਖ ਰਾਗਾਂ ਵਿਚ ਸਿਰਜਣਾ ਕਰਨ ਨਾਲ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਧਾਰਾ ਤੇ ਚੱਲਦਿਆਂ ਮਗਰਲੇ ਗੁਰੂ ਸਾਹਿਬਾਨਾਂ ਨੇ ਵੀ ਵਾਰਾਂ ਰਚੀਆਂ।। ਗੁਰੂ ਪਰੰਪਰਾ ਵਿਚ ਇਹ ਵਾਰਾਂ ਰਚਣ ਦਾ ਸਿਲਸਿਲਾ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਚਾਰ ਵਾਰਾਂ (ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗਾਂ ਵਿਚ), ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਅੱਠ ਵਾਰਾਂ (ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ ਰਾਗਾਂ ਵਿਚ) ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਛੇ ਵਾਰਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗਾਂ ਵਿਚ) ਰਚਣ ਨਾਲ ਜਾਰੀ ਰਹਿੰਦਾ ਹੈ।। ਇਨ੍ਹਾਂ ਇੱਕੀ ਵਾਰਾਂ ਦੇ ਨਾਲ-ਨਾਲ ਇਕ ਵਾਰ ਗੁਰੂ-ਘਰ ਦੇ ਰਾਗੀਆਂ ਸੱਤੇ ਤੇ ਬਲਵੰਡ ਦੁਆਰਾ ਰਚਿਤ ਰਾਮਕਲੀ ਰਾਗ ਵਿਚ ਮਿਲਦੀ ਹੈ।ਗੁਰਮਤਿ ਕਾਵਿ ਪਰੰਪਰਾ ਵਿਚ ਅਧਿਆਤਮਕ ਵਾਰਾਂ ਆਪਣੇ ਵਿਲੱਖਣ ਵਿਧਾਗਤ ਤੇ ਸੰਚਾਰਾਤਮਕ ਸਰੂਪ ਦੀਆਂ ਧਾਰਨੀ ਹਨ।। ਵੱਖ-ਵੱਖ 19 ਰਾਗਾਂ ਵਿਚ ਰਚਿਤ ਇਹ 22 ਅਧਿਆਤਮਕ ਵਾਰਾਂ ਆਪਣੇ ਸਰੂਪਗਤ ਤੇ ਸੰਚਾਰਗਤ ਪਰਿਪੇਖ ਰਾਹੀਂ ਪੰਜਾਬੀ ਸਾਹਿਤ ਦੀ ਵਾਰ ਕਾਵਿ-ਪਰੰਪਰਾ ਨੂੰ ਸਰਵੋਤਮ ਵਾਰ-ਕਾਵਿ ਸ਼੍ਰੇਣੀ ਵਿਚ ਸ਼ੁਮਾਰ ਕਰਦੀਆਂ ਹਨ।। ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਗਾਜ਼ ਕੀਤੀ ਇਸ ਵਾਰ ਪਰੰਪਰਾ ਨੂੰ ਚੌਥੀ ਨਾਨਕ-ਜੋਤ ਸ਼੍ਰੀ ਗੁਰੂ ਰਾਮਦਾਸ ਜੀ ਦੀ ਵਿਸ਼ੇਸ਼ ਦੇਣ ਹੈ।।ਸਮੁੱਚੀ ਗੁਰੂ-ਵਾਰ-ਕਾਵਿ ਪਰੰਪਰਾ ਵਿਚ

ਅੱਠ ਵਾਰਾਂ ਦੇ ਰਚੈਤਾ ਗੁਰੂ ਰਾਮਦਾਸ ਜੀ ਆਪਣੀਆਂ ਅੱਠੇ ਵਾਰਾਂ ਨਵੀਨ ਰਾਗਾਂ ਅਧੀਨ ਦਰਜ ਕਰਦੇ ਹਨ।ਵਾਰਾਂ ਦੇ ਰਾਗਾਤਮਕ ਪਰਿਪੇਖ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਅਰਜਨ ਦੇਵ ਜੀ ਰਾਗ ਗਉੜੀ ਤੇ ਰਾਗ ਗੂਜਰੀ ਵਿਚ ਆਪਣੀਆਂ ਵਾਰਾਂ ਸਿਰਜਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਧਿਆਤਮ ਵਾਰ ਸਾਹਿਤ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੀ ਨਾ ਸਿਰਫ਼ ਗੁਣਾਤਮਕ ਪੱਖੋਂ, ਬਲਕਿ ਗਿਣਾਤਮਕ ਪੱਖੋਂ ਮਹੱਤਵਪੂਰਣ ਦੇਣ ਇਹ ਅੱਠ ਵਾਰਾਂ ਹਨ।।ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ 'ਗਉੜੀ **ਕੀ** ਵਾਰ' 'ਸਿਰੀ ਰਾਗ ਦੀ ਵਾਰ ਮਹਲਾ ਚੌਥਾ' ਅਤੇ 'ਵਾਰ ਮਾਝ ਦੀ ਮਹਲਾ ਪਹਿਲਾ' ਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 300 ਤੋਂ 319 ਤੱਕ ਸੁਸ਼ੋਭਿਤ ਹੈ, ਬਾਕੀ ਅਧਿਆਤਮ ਵਾਰਾਂ ਦੀ ਤਰ੍ਹਾਂ ਇਸ ਵਾਰ ਵਿਚ ਵੀ ਪਉੜੀਆਂ ਦੇ ਨਾਲ-ਨਾਲ ਸਲੋਕ ਅੰਕਿਤ ਕੀਤੇ ਗਏ ਹਨ। ਇਸ ਵਾਰ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਇਸ ਵਾਰ ਵਿਚ ਜਿਥੇ ਸਲੋਕ ਇਕ ਤੋਂ ਵਧੇਰੇ ਗੁਰੂ ਸਾਹਿਬਾਨਾਂ ਦੇ ਹਨ, ਉਥੇ ਪਉੜੀਆਂ ਦੇ ਕਰਤਾ ਵੀ ਦੋ ਗੁਰੂ-ਕਵੀ ਹਨ।।। ਇਸ ਵਾਰ ਦੀਆਂ ਕੁਲ 33 ਪਉੜੀਆਂ ਹਨ ਜਿਨ੍ਹਾਂ ਵਿਚੋਂ 28 ਪਉੜੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਹਨ ਅਤੇ ਬਾਕੀ ਪੰਜ ਦੇ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਹਨ। ਸਲੋਕਾਂ ਵਿਚੋਂ 53 ਸਲੋਕ ਮਹਲਾ ਚੌਥਾ ਦੇ, 8 ਸਲੋਕ ਮਹਲਾ ਪੰਜਵਾਂ ਦੇ ਅਤੇ 7 ਸਲੋਕ ਮਹਲਾ ਤੀਜਾ ਦੇ ਹਨ, ਇਸ ਪ੍ਰਕਾਰ ਇਸ ਵਾਰ ਦਾ ਪਾਠਗਤ ਵਿਸ਼ਲੇਸ਼ਣ ਵਿਸ਼ੇਗਤ ਸੰਚਾਰ ਅਤੇ ਵਿਧਾਗਤ ਸਰੂਪ ਦੇ ਸੁਮੇਲ ਦੇ ਆਧਾਰ 'ਤੇ ਕੀਤਾ ਜਾ ਸਕਦਾ ਹੈ।

I

ਬਿਰਤਾਂਤ ਤੇ ਬਿਆਨ ਦਾ ਸੰਯੋਗ 'ਪਉੜੀ' ਹੈ।ਵਾਰ ਪਉੜੀ ਦੇ ਡੰਡਿਆਂ ਦੀ ਤਰਹ ਪਹਿਲੇ ਡੰਡੇ ਭਾਵ ਮੰਗਲਾਚਰਨ ਤੋਂ ਆਰੰਭ ਹੋ ਪਉੜੀਵਾਰ ਸਮੁੱਚਾ ਪ੍ਰਭਾਵ ਸਿਰਜਦੀ ਸਿਖ਼ਰ 'ਤੇ ਅੱਪੜਦੀ ਹੈ।ਇਸ ਸਬੰਧੀ ਸਿਆਣਿਆਂ ਦਾ ਮੱਤ ਹੈ ਕਿ ਵਾਰ ਗਾਉਣ ਦੀ ਰਵਾਇਤ ਅਨੁਸਾਰ ਢਾਡੀ ਲੋਕ ਯੁੱਧ ਦਾ ਪ੍ਰਸੰਗ ਵਾਰਤਕਮਈ ਸੁਣਾ ਕੇ ਉਸੇ ਦਾ ਸਾਰ ਪਉੜੀ ਛੰਦ ਵਿਚ ਲਯ ਤਾਰ ਸਾਥ ਮ੍ਰਿਦੰਗ ਦੀ ਸਹਾਇਤਾ ਨਾਲ ਗਾ ਕੇ ਪ੍ਰਕਰਣ ਸਮਾਪਤ ਕਰਦੇ ਸਨ।।ਪਉੜੀ ਨਾਮ ਵਿਸ਼ਰਾਮ ਦਾ ਹੈ,।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਨੂੰ ਗੁਰੂ ਸਾਹਿਬਾਨ ਨੇ ਪੁਰਾਣੀ ਧਾਰਨਾ ਅਨੁਸਾਰ ਢਾਡੀ ਤੇ ਰਾਗੀਆਂ ਨੂੰ ਸਿਖਾਈਆਂ।[1]ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਗ੍ਰੰਥ **ਗੁਰੂ ਛੰਦ ਦਿਵਾਕਰ** ਵਿੱਚ ਇਹਨਾਂ 22 ਅਧਿਆਤਮਕ ਵਾਰਾਂ ਦੇ 12 ਪਉੜੀ ਭੇਦਾਂ ਦਾ ਵਰਣਨ ਕੀਤਾ ਹੈ।ਇਥੇ

'ਗਉੜੀ ਦੀ ਵਾਰ' ਦੀਆਂ ਪਉੜੀਆਂ ਦੀ ਪਰਕਿਰਤੀ ਤੇ ਮਾਤਰਾ ਦੇ ਆਧਾਰ 'ਤੇ ਪਉੜੀ ਦੇ ਸੁਗੀਤਾ ਛੰਦ, ਚਟਪਟਾ ਛੰਦ ਤੇ ਨਿਸ਼ਾਨੀ ਛੰਦ ਦਾ ਵੇਰਵਾ ਦਿੱਤਾ ਗਿਆ ਹੈ।[2]

ਵਾਰ ਦੇ ਵਿਧਾਗਤ ਸਰੂਪ ਦੇ ਨਾਲ-ਨਾਲ ਇਸਦੀ ਸੰਚਾਰਾਤਮਕਤਾ ਦਾ ਅਹਿਮ ਰੋਲ ਹੈ, ਜ਼ਰ-ਜ਼ੋਰੂ-ਜ਼ਮੀਨ 'ਤੇ ਆਧਾਰਿਤ ਦੁਨਿਆਵੀ ਯੁੱਧ-ਭੇੜ ਦਾ ਸਥਲ ਮਾਨਵੀ ਪ੍ਰਵਿਰਤੀਆਂ ਨੂੰ ਮਾਰ ਸਮੁੱਚੇ ਵਰਤਾਰੇ ਦੇ ਸਿਰਜਕ ਦੀ ਸਾਲਾਹਣਾ ਦਾ ਆਧਾਰ ਬਣ ਜਾਂਦਾ ਹੈ। ਵਿਸ਼ੇਗਤ ਸੰਚਾਰ ਦੇ ਆਧਾਰ ਤੇ ਇਹ ਧਾਰਨਾ ਸਥਾਪਿਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਵਾਰਾਂ ਦਾ ਮੂਲ ਮਨੋਰਥ ਸਮਾਜਕ-ਸੱਚ ਅਤੇ ਅਧਿਆਤਮਕ-ਚਿੰਤਨ ਵਿਚਲੀਆਂ ਸਿਧਾਂਤਕ ਸੇਧਾਂ ਉਪਰ ਅਧਾਰਿਤ ਹੈ ਜੋ ਵੈਦਿਕ-ਭਾਰਤੀ ਅਤੇ ਇਸਲਾਮੀ-ਈਰਾਨੀ ਬੋਧ ਦੇ ਟਾਕਰੇ ਮੌਲਿਕ ਜੀਵਨ ਦਾ ਸੰਚਾਰ ਹੈ। ਅਧਿਆਤਮ ਵਾਰ ਦੀ ਲੋਕ-ਕਾਵਿਕ ਰੂਪਗਤ ਸੰਰਚਨਾ ਕਾਰਨ ਇਹ ਵਾਰਾਂ ਆਪਣਾ ਅਰਥਗਤ ਸੰਚਾਰ ਪੰਜਾਬ ਦੀ ਭੂਗੋਲਿਕ ਤੇ ਇਤਿਹਾਸਕ ਵਿਵਸਥਾ ਦੇ ਸੰਪੰਨ ਤੇ ਸਵਾਧੀਨ ਇਕਾਈ ਦੇ ਰੂਪ ਵਿਚ ਚਿਤਰਤ ਕਰਦੀਆਂ ਹਨ। ਸਾਹਿਬ **ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਵਿਚ ਦਰਜ ਇਹ ਬਾਈ ਵਾਰਾਂ ਲੌਕਿਕਤਾ ਤੇ ਪਰਾਲੌਕਿਕਤਾ, ਦਿਸਦੇ ਅਤੇ ਅਣਦਿਸਦੇ, ਸਮੂਰਤ ਤੇ ਅਮੂਰਤ ਵਿਚਲੇ ਦਵੰਦ ਅਤੇ ਮੇਲ ਦੇ ਬਿਆਨ ਨੂੰ ਰੂਪਮਾਨ ਕਰਦੀਆਂ 'ਅਕਾਲ ਪੁਰਖ ਦੀ ਸਲਾਹਣਾ' ਦਾ ਵਿਲੱਖਣ ਪਰਿਪੇਖ ਸਿਰਜਦੀਆਂ ਹਨ। ਅਜਿਹੀ ਵਿਸ਼ੇਗਤ ਵਿਸ਼ੇਸ਼ਤਾ ਦੇ ਆਧਾਰ 'ਤੇ ਅਧਿਆਤਮਕ ਵਾਰ ਦੇ ਇਹ ਲੱਛਣ ਮੰਨੇ ਜਾਂਦੇ ਹਨ: (i) ਮਹਿਮਾ ਜਾਂ ਜ਼ਸ (ii) ਵਰਣਨਾਤਮਕ ਵਿਧੀ (iii) ਨਾਇਕ ਦੀ ਸੰਕਲਪਿਕ ਹੋਂਦ (iv) ਬ੍ਰਹਮ ਅਤੇ ਮਾਇਆ ਵਿਚ ਪਰਸਪਰ ਤਣਾਉ (v) ਦਾਰਸ਼ਨਿਕਤਾ ਕਰਕੇ ਚਿੰਤਨਮੁਖੀ ਹੋਣਾ (vi) ਅਧਿਆਤਮਕ ਮੁੱਲ ਰੱਖਣਾ (vii) ਇਤਿਹਾਸਕ ਸੱਚ ਨਾਲੋਂ ਪਰਾ-ਭੌਤਿਕਤਾ ਦਾ ਚਿਤਰਣ ਅਤੇ (viii) ਵਿਰੋਧੀ ਜੁੱਟਾਂ ਦੀ ਸਿਰਜਣਾ।[3]

'ਮਹਿਮਾ ਜਾ ਜਸ' ਨੂੰ ਅਧਿਆਤਮਕ ਵਾਰ ਦੀ ਪ੍ਰਮੁੱਖ ਰੂੜ੍ਹੀ ਮੰਨਿਆ ਗਿਆ ਹੈ, ਜਿਹੜੀ ਅਕਾਲ ਪੁਰਖ ਦੀ ਮਹਿਮਾ ਕਰਨ ਦਾ ਯਤਨ ਕਰਦੀ ਹੈ। ਅਕਾਲ ਪੁਰਖ ਨੂੰ ਅਕੱਥ, ਬੇਅੰਤ, ਅਗੰਮ, ਨਿਰੰਜਨ ਆਦਿ ਵਿਸ਼ੇਸ਼ਣਾ ਰਾਹੀਂ ਸੰਚਾਰਿਤ ਕੀਤਾ ਜਾਂਦਾ ਹੈ, ਕਿਉਂਕਿ ਉਸ ਦਾ ਗਲਪ-ਬਿੰਬ ਨਹੀਂ ਉਸਰ ਸਕਦਾ, ਇਸ ਲਈ 'ਵਰਣਨਾਤਮਕ ਵਿਧੀ' ਦੀ ਵਰਤੋਂ ਕੀਤੀ ਜਾਂਦੀ ਹੈ। 'ਨਾਇਕ ਦੀ ਸੰਕਲਪਿਕ ਉਸਾਰੀ' ਕਰਕੇ ਬ੍ਰਹਮ ਅਤੇ ਮਾਇਆ ਵਿਚਲੇ ਪਰਸਪਰ ਤਣਾਉ ਨੂੰ ਦਵੰਦਾਤਮਕਤਾ ਰਾਹੀਂ ਉਸਾਰਿਆ ਜਾਂਦਾ ਹੈ। ਇਨ੍ਹਾਂ ਵਾਰਾਂ ਦਾ

ਮਹੱਤਵਪੂਰਨ ਲੱਛਣ 'ਅਧਿਆਤਮਕ ਮਈ' ਹੋਣਾ ਹੈ, ਭਾਵੇਂ ਕਿ ਇਨ੍ਹਾਂ ਵਿਚ ਸਾਹਿਤਕ, ਸਮਾਜਕ, ਇਤਿਹਾਸਕ ਮੁੱਲਾਂ ਦਾ ਵਿਵਰਣ ਵੀ ਮਿਲਦਾ ਹੈ। ਇਹ ਇਤਿਹਾਸਕ ਸੱਚ ਨਾਲੋਂ ਪਰਾਭੌਤਿਕਤਾ ਦਾ ਚਿਤਰਨ ਕਰਦੀਆਂ ਹਨ ਅਤੇ 'ਵਿਰੋਧੀ ਜੁੱਟਾਂ ਦੀ ਸਿਰਜਣਾ' ਅਰਥਾਤ ਮਨਮੁਖ ਤੇ ਗੁਰਮੁਖ, ਸੱਚ ਤੇ ਝੂਠ, ਕੂੜਿਆਰ ਤੇ ਸਚਿਆਰ ਆਦਿ ਵਿਰੋਧੀ ਸੰਕਲਪ ਇਨ੍ਹਾਂ ਵਾਰਾਂ ਦੀ ਸੰਚਾਰਾਤਮਕਤਾ ਦਾ ਆਧਾਰ ਬਣਦੇ ਹਨ।

ਵਿਸ਼ੇਗਤ ਵਿਸ਼ੇਸਤਾ ਦੇ ਨਾਲ-ਨਾਲ ਵਿਧਾਗਤ ਵਿਲੱਖਣਤਾ ਅਧਿਤਮਕ ਵਾਰ ਦੇ ਨਿਖੇੜ ਚਿੰਨ੍ਹ ਦਾ ਦੂਸਰਾ ਆਧਾਰ ਹੈ। ਇਸ ਦੀ ਵਿਧਾਗਤ ਸੰਰਚਨਾ ਵਿਚ ਪਉੜੀਆਂ ਦੇ ਨਾਲ-ਨਾਲ ਸਲੋਕ ਵੀ ਇਕ ਵਿਸ਼ੇਸ਼ ਰੂਪ ਵਜੋਂ ਵਰਤਿਆ ਗਿਆ ਹੈ। ਭਾਵੇਂ ਕਿ ਇਹ ਸਮਝਿਆ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਵਾਰਾਂ ਮੂਲ ਰੂਪ ਵਿਚ ਪਉੜੀਆਂ ਵਿਚ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਸਮੇਂ ਜਾਂ ਗੁਰੂ ਹਰਗੋਬਿੰਦ ਜੀ ਦੁਆਰਾ ਇਨ੍ਹਾਂ ਵਾਰਾਂ ਦੇ ਗਾਇਨ ਸਮੇਂ ਪਉੜੀਆਂ ਨਾਲ ਸਲੋਕ ਵੀ ਦਰਜ ਕਰ ਦਿੱਤੇ। ਪਰ ਅੱਜ ਇਨ੍ਹਾਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰੂਪ ਵਿਚ ਸਤਿਕਾਰਿਆ ਅਤੇ ਪ੍ਰਵਾਨਿਆ ਜਾਂਦਾ ਹੈ, ਕਿਉਂਕਿ ਸਲੋਕ ਨਾ ਸਿਰਫ਼ ਵਾਰ ਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ, ਵਿਚਾਰਾਂ ਨੂੰ ਵੀ ਸਪੱਸ਼ਟਤਾ ਤੇ ਸਰਲਤਾ ਦਿੰਦੇ ਹਨ। ਇਸ ਲਈ ਅਧਿਆਤਮਕ ਵਾਰ ਦੀ ਰੂਪਗਤ ਸੰਰਚਨਾ ਅਤੇ ਵਿਸ਼ੇਗਤ ਪਰਿਪੇਖ ਵਿਚ ਪਉੜੀ ਨਾਲੋਂ ਸਲੋਕ ਨੂੰ ਅਲਹਿਦਾ ਨਹੀਂ ਕੀਤਾ ਜਾ ਸਕਦਾ, ਪਰ ਸਾਡਾ ਇਥੇ ਮੂਲ ਮਨੋਰਥ ਪਾਠਗਤ ਵਿਸ਼ਲੇਸ਼ਣ ਰਾਹੀਂ ਵਾਰ ਦੇ ਪਰੰਪਰਾਗਤ ਸਰੂਪ ਦੇ ਆਧਾਰ 'ਤੇ ਪਉੜੀਆਂ ਦੀ ਕ੍ਰਮਿਕ ਲਗਾਤਾਰਤਾ ਦੇ ਵਿਚਾਰਧਾਰਕ ਆਧਾਰ ਨੂੰ ਦੇਖਣ ਅਤੇ ਆਪਸੀ ਸੰਬੰਧਾਤਮਕਤਾ ਨੂੰ ਸਮਝਣ ਦੇ ਨਾਲ ਹੈ। ਜਦੋਂ ਅਸੀਂ ਇਸ ਵਾਰ ਦੀਆਂ ਪਉੜੀਆਂ ਦੇ ਵਿਚਾਰਧਾਰਕ ਆਧਾਰ ਨੂੰ ਵੇਖਦੇ ਹਾਂ ਤਾਂ ਇਨ੍ਹਾਂ ਦਾ ਕੇਂਦਰ-ਬਿੰਦੂ 'ਅਕਾਲ ਪੁਰਖ ਦੀ ਸਲਾਹਣਾ' ਹੈ ਜਿਸ ਨੂੰ 'ਗੁਰਮੁਖ-ਮਨਮੁਖ' ਅਤੇ 'ਸਤਿਗੁਰੂ' ਦੇ ਸੰਕਲਪਿਕ ਆਧਾਰ ਵਜੋਂ ਪੇਸ਼ ਕੀਤਾ ਗਿਆ ਹੈ।

## II

ਗੁਰੂ ਰਾਮਦਾਸ ਜੀ ਰਚਿਤ 'ਗਉੜੀ ਕੀ ਵਾਰ'[4] ਦੀ **ਪਹਿਲੀ ਪਉੜੀ** ਦਾ ਪ੍ਰਾਰੰਭ ਅਕਾਲ ਪੁਰਖ ਦੇ ਸੱਚ-ਸਰੂਪ,ਸਾਹਿਬ-ਰੂਪ, ਵੱਡ-ਰੂਪ ਅਤੇ ਗੋਸਾਈਂ ਦੀ ਸਾਲਾਹਣਾ ਰਾਹੀਂ ਹੁੰਦਾ ਹੈ। ਇਸ ਦੇ ਸਿਮਰਨ ਰਾਹੀਂ ਗੁਰਮੁਖਾਂ ਨੂੰ ਫ਼ਲ ਦੀ ਪ੍ਰਾਪਤੀ, ਚਰਨਾਗਤੀ,

ਪਰਮਗਤੀ ਅਤੇ ਸੱਚ ਨਾਮ ਵਿਚ ਸਮਾਈ ਹੁੰਦੀ ਹੈ:

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ॥...
ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ॥1॥[5]

**ਦੂਜੀ ਪਉੜੀ** ਪਹਿਲੀ ਪਉੜੀ ਦੇ ਵਿਚਾਰਧਾਰਕ ਆਧਾਰ ਸੱਚ-ਸਰੂਪ ਦੇ ਸਾਹਿਬ-ਰੂਪ ਨੂੰ ਨਵਾਂ ਪਰਿਪੇਖ ਦਿੰਦੀ ਹੋਈ ਅਕਾਲ ਪੁਰਖ ਨੂੰ 'ਤੂੰ' ਵਜੋਂ ਸੰਬੋਧਨ ਕਰਦੀ ਉਸ ਨੂੰ ਨਿਰੰਕਾਰ, ਨਿਰੰਜਨ, ਹਰਿ, ਦਾਤਾ, ਵਿਸ਼ੇਸ਼ਣੀ ਨਾਵਾਂ ਨਾਲ ਪੁਕਾਰਦੀ ਹੈ। ਜਿਹੜੇ ਉਸਦੇ ਇਸ ਸੱਚ-ਸਰੂਪ ਨੂੰ ਇਕ ਮਨ ਨਾਲ ਧਿਆਉਂਦੇ, ਦੁੱਖਾਂ ਤੋਂ ਨਿਵਿਰਤ ਹੁੰਦੇ ਹਨ। ਸੱਚ-ਨਾਮ ਵਾਲਾ ਹੋਣ ਕਾਰਨ ਉਸ ਦੇ ਬਰਾਬਰ ਦਾ ਕੋਈ ਸ਼ਰੀਕ ਨਹੀਂ ਹੁੰਦਾ। **ਤੀਜੀ ਪਉੜੀ** ਅਕਾਲ ਪੁਰਖ ਦੇ ਸੱਚ-ਸਰੂਪ ਤੋਂ ਕਰਤਾ, ਪੁਰਖ, ਅਗੰਮ ਅਤੇ ਖਸਮ ਸਰੂਪ ਦਾ ਵੇਰਵਾ ਦਿੰਦੀ ਹੈ। ਜਿਹੜਾ ਤੁਲਨਾ ਤੋਂ ਰਹਿਤ (ਵਡ਼ੀਐ), ਸਰਬਸ਼ਕਤੀਮਾਨ, ਸਰਬਵਿਆਪਕ, ਗੁਰਮੁਖਾਂ ਦੇ ਸਨਮੁਖ ਪ੍ਰਗਟ ਹੁੰਦਾ, ਕਰਣ ਕਾਰਣਹਾਰ ਹੋਣ ਕਾਰਨ ਜੀਵ ਨੂੰ ਝੂਰਨ ਤੋਂ ਬਚਾਉਂਦਾ ਹੈ। **ਚੌਥੀ ਪਉੜੀ** ਅਕਾਲ ਪੁਰਖ ਦੇ ਕਰਤਾ, ਅਭੁਲ, ਕਰਣ ਕਾਰਣ ਸਮਰਥ, ਸਹਿਬ, ਅਗੰਮ ਦਇਆਲ ਸਰੂਪ ਦੀ ਸਭਨਾ ਦੁਆਰਾ ਸਲਾਹਣਾ ਦਾ ਬਿਆਨ ਕਰਦੀ ਹੈ ਅਤੇ ਉਸ ਦਾ ਪ੍ਰਤਿਪਾਲਕ-ਰੂਪ ਉਨ੍ਹਾਂ ਨੂੰ ਦੁੱਖਾਂ-ਕਸ਼ਟਾਂ ਤੋਂ ਮੁਕਤ ਕਰਦਾ ਹੈ। **ਪੰਜਵੀਂ ਪਉੜੀ** ਕਰਤਾ ਤੋਂ ਪ੍ਰਤਿਪਾਲਕ ਤੇ ਸੱਚ-ਸਰੂਪ ਵੱਲ ਵਿਕਾਸ ਕਰਦੀ ਹੋਈ ਉਸ ਨੂੰ ਸਾਹਿਬ, ਸਤਿਗੁਰੂ ਤੇ ਵੱਡਜਾਣੀ, ਮਨਿ ਭਾਣੀ ਤੇ ਮੂੜ ਅਜਾਣੀ ਰਾਹੀਂ ਪਰਿਭਾਸ਼ਿਤ ਕਰਦੀ ਹੈ। ਵਡਜਾਣੀ ਉਹ ਹੈ ਜਿਸ ਨੂੰ ਸਾਹਿਬ ਵੱਡਾ ਕਰਦਾ, ਜੋ ਉਸ ਦੇ ਮਨ ਨੂੰ ਭਾਉਂਦਾ ਉਹੀ ਬਖਸ਼ਿਆਂ ਜਾਂਦਾ, ਜੋ ਰੀਸ ਕਰਦਾ ਮੂੜ ਅਜਾਣੀ ਬਣਦਾ, ਸਤਿਗੁਰੂ ਦੇ ਮਿਲਾਪ ਤੇ ਗੁਣਾਂ ਦਾ ਵਖਿਆਣ ਕਰਦਾ ਹੋਇਆ ਸੱਚ ਨੂੰ ਬੁੱਝਦਾ ਤੇ ਸੱਚ-ਰੂਪ ਹੋ ਨਿੱਬੜਦਾ ਹੈ। **ਪਉੜੀ ਛੇਵੀਂ** ਪਿਛਲੀ ਪਉੜੀ ਦੇ ਸੱਚ-ਸਰੂਪ ਨੂੰ ਸੱਚੇ ਨਿਆਇਕ ਵਜੋਂ ਵਖਿਆਣ ਕਰਦੀ ਹੈ। ਸੱਚੇ ਨੂੰ ਸੱਚ ਭਾਉਂਦਾ, ਸੱਚ ਧਿਆਉਣ ਵਾਲੇ ਜਮਕਾਲ ਤੋਂ ਦੂਰ ਰਹਿੰਦੇ, ਸੱਚੇ ਦਾ ਹਿਰਦੇ ਵਿੱਚ ਨਿਵਾਸ ਹੋਣ ਕਰਕੇ ਉਸ ਦੇ ਦਰ 'ਤੇ ਮੁਖ (ਗੁਰਮਖਿ) ਉੱਜਲਾ ਕਰਦੇ, ਕਪਟੀ ਕੁੜਿਆਰ ਦਰ ਤੋਂ ਪਿੱਛੇ ਸੁੱਟੇ ਜਾਂਦੇ, ਮਹਾਂ ਦੁੱਖ ਪਾਉਂਦੇ, ਮੂੰਹ ਕਾਲੇ ਅਤੇ ਕੂੜ-ਰੂਪ ਹੋ ਜਾਂਦੇ ਹਨ। **ਪਉੜੀ ਸੱਤਵੀਂ** ਹਰਿ, ਗੁਰੂ, ਗੁਰਮੁਖਿ ਰਾਹੀਂ ਜੀਵ ਦੇ ਗੁਣਾਂ ਤੇ ਔਗੁਣਾਂ ਦਾ ਵੇਰਵਾ ਦਿੰਦੀ ਹੈ। ਹਰਿ ਦਾ ਹਿਰਦੇ ਰਾਹੀਂ ਸਿਮਰਨ (ਅਜਪਾ ਜਾਪ), ਹਰਿ-ਮਿਲਾਪ ਔਗੁਣਾਂ ਨੂੰ ਸ਼ਬਦ ਰਾਹੀਂ ਜਲਾ ਕੇ ਤੇ ਸੱਚ ਨਾਲ ਗੁਣਾਂ ਦੀ ਸਾਂਝ ਪਾਉਣੀ, ਗੁਰੂ ਰਾਹੀਂ ਔਗੁਣਾਂ ਦਾ ਖ਼ਾਤਮਾ,

ਗੁਰਮੁਖ ਦਾ ਵੱਡੇ ਦੀ ਵੱਡੀ ਵਡਿਆਈ ਨੂੰ ਅਲਾਪਣ ਬਾਰੇ ਚਰਚਾ ਕੀਤੀ ਗਈ ਹੈ। **ਪਉੜੀ ਅੱਠਵੀਂ** ਇਸੇ ਸੰਕਲਪ ਨੂੰ ਅੱਗੇ ਤੋਰਦੀ ਹੋਈ ਇਸ ਵਡਿਆਈ ਦੀ ਬਖਸ਼ਿਸ਼ ਦੇਣ ਵਾਲੇ ਸਤਿਗੁਰ ਦੀ ਸਤਿਕਾਰਤਾ ਦਾ ਚਿਤਰਨ ਕਰਦੀ ਹੈ। ਅਕਾਲਪੁਰਖ ਸੱਚ ਰੂਪ ਵਿੱਚ ਸਭ ਤੋਂ ਵੱਡਾ ਹੈ, ਪਰ ਮਿਲਦਾ ਉਸ ਨੂੰ ਹੈ ਜਿਸ ਨੂੰ ਸਤਿਗੁਰੂ ਨਿਵਾਜਦਾ, ਸੱਚ ਨੂੰ ਧਿਆਉਂਦਾ, ਸੱਚ ਤੇ ਸਤਿਗੁਰੂ ਦੀ ਇਕਰੂਪਤਾ, ਪੰਜ-ਦੂਤਾਂ ਨੂੰ ਵੱਸ ਕਰਨ ਵਾਲਾ ਪੁਰਖ ਬਣਦਾ ਹੈ, ਪਰ ਸਿਮਰਨਹੀਣੇ ਹਉਮੈ ਗ੍ਰਸਤਾਂ ਦੇ ਮੂੰਹ ਫਿੱਕੇ, ਫਿਟਕਾਰੀ ਅਤੇ ਅੰਦਰੋਂ ਕੂੜ ਨਾਲ ਭਰੇ ਹੋਏ, ਬੋਲ ਭਾਉਂਦੇ ਨਹੀਂ, ਮੂੰਹ ਕਾਲੇ ਅਤੇ ਸਤਿਗੁਰੂ ਤੋਂ ਵਿਛੜੇ ਹੰੁਦੇ ਹਨ।**ਪਉੜੀ ਨੌਵੀਂ** ਪਿਛਲੇਰੀ ਪਉੜੀ ਨੂੰ ਆਧਾਰ ਬਣਾਉਂਦੀ ਹੋਈ ਅਕਾਲਪੁਰਖ ਦੇ ਸੱਚ ਰੂਪ ਤੋਂ ਅੱਗੇ ਉਸ ਨੂੰ ਵੇਪਰਵਾਹ, ਅਥਾਹ, ਅਤੁਲ, ਵਜੋਂ ਸੰਬੋਧਨ ਕਰਦੀ ਹੋਈ ਇਸ ਦੇ ਜਾਣਕਾਰ ਸਤਿਗੁਰੂ ਦੇ ਮਿਲਾਪ ਨਾਲ ਉਸ ਨੂੰ ਧਿਆਉਣ ਵਾਲੇ ਵਡਭਾਗੀ, ਸਤ-ਸਰੂਪ ਸਤਿਗੁਰੂ ਦੀ ਬਾਣੀ ਦਾ ਗੁਰਬਾਣੀ ਬਣਨਾ, ਕੂੜਿਆਰਾਂ ਦੁਆਰਾ ਕੂੜ ਵੱਸ ਰੀਸ ਨਾਲ ਆਵਾ-ਧਾਵਾ/ਕੱਚ ਪਿੱਚ ਬੋਲਣਾ ਅਤੇ ਆਪਣੀ ਹੋਂਦ ਖਤਮ ਕਰਨਾ, ਭੇਖਧਾਰੀ, ਮਾਇਆ ਧਾਰੀ ਹੋਣ ਲਈ ਭੱਖ ਮਾਰਨ ਦੇ ਬਿਰਤਾਂਤ ਨੂੰ ਬਿਆਨ ਕਰਦੀ ਹੈ। **ਪਉੜੀ ਦਸਵੀਂ** ਅਕਾਲਪੁਰਖ ਦੇ ਅਗੰਮ, ਦਇਆਲ, ਵੱਡ, ਦਾਤਾ, ਸਿਆਣਾ ਤੇ ਸੁਘੜ-ਸਰੂਪ ਨੂੰ ਚਿਤਰਿਤ ਕਰਦਿਆਂ ਪਰਿਵਾਰਕ ਮੋਹ, ਦਿੱਸਦਾ ਜਗਤ ਤੇ ਆਵਾਗਉਣ ਸਭ ਚਲਾਇਨਮਾਨ ਹੋਣ ਕਾਰਨ ਸਚੇ ਬਿਨਾਂ ਹੋਰਨਾਂ ਨਾਲ ਚਿੱਤ ਲਾਉਣ ਵਾਲਿਆਂ ਨੂੰ 'ਕੂੜਿਆਰ' ਵਜੋਂ ਰੂਪਮਾਨ ਕਰਦੀ ਹੈ। ਅਜਿਹੇ ਜੀਵ ਕੂੜ, ਝੂਠ ਤੇ ਮਾਣ ਕਰਦੇ, ਸੱਚ ਤੋਂ ਬੇਮੁਖ ਅਣਜਾਣ ਮਰ-ਮਰ ਖੱਪਦੇ ਹਨ। **ਪਉੜੀ ਗਿਆਰ੍ਹਵੀਂ** ਦਸਵੀਂ ਪਉੜੀ ਦੇ ਅੰਤਿਮ ਸੰਕਲਪਿਕ ਆਧਾਰ ਸੱਚ ਨੂੰ ਸਾਖਿਆਤਕਾਰ ਕਰਨ ਵਾਲੇ ਜਨਾਂ ਦੀ ਗੱਲ ਕਰਦੀ ਹੈ, ਜਿਹੜੇ ਵਿਰਲੇ, ਥੋੜ੍ਹੇ, ਇਕ ਮਨ-ਇਕ ਚਿੱਤ ਅਰਾਧਣ ਕਰਕੇ ਕਰੋੜਾਂ ਜਨਾਂ ਨੂੰ ਬਰਕਤ ਨਾਲ ਸ਼ੁਮਾਰ ਕਰਦੇ, ਸਾਹਿਬ ਨੂੰ ਲੁਭਾਉਂਦੇ ਹੋਏ ਉਸ ਦੇ ਦਰ 'ਤੇ ਪ੍ਰਵਾਨ ਹੁੰਦੇ, ਪਰ ਬੇਮੁਖ ਸਤਿਗੁਰੂ ਹੀਣੇ, ਸਿਮਰਨਹੀਣੇ, ਜੀਭ ਦੇ ਚਸਕਿਆਂ ਵਿੱਚ ਗ੍ਰਸਤ ਜਨਮ-ਮਰਨ ਦੇ ਭਰਮਣ 'ਚ ਪਏ, ਕੋਹੜੇ ਦੁਵੱਲੀ ਸਖਸ਼ੀਅਤ ਵਾਲੇ, ਮਨ ਖੋਟੇ ਹੋਣ ਕਾਰਨ ਵਿਛੋੜੇ ਦਾ ਕਾਰਨ ਬਣਦੇ ਹਨ। **ਪਉੜੀ ਬਾਰ੍ਹਵੀਂ** ਇਸ ਵਿਚਾਰ ਨੂੰ ਸੰਤ ਜਨ, ਭਗਤ-ਜਨ, ਅਤੇ ਮੁਗਧ ਨਰ ਦੇ ਪਰਿਪੇਖ ਰਾਹੀਂ ਸਪੱਸ਼ਟ ਕਰਦੀ ਹੈ। ਗੁਰੂ ਰਾਮਦਾਸ ਜੀ ਸੰਤ ਜਨਾਂ ਦੀ ਵੀਚਾਰ ਨੂੰ ਚਾਰ-ਵੇਦਾਂ ਦੇ ਵਖਿਆਣ ਸਮਾਨ ਸਮਾਨਤਾ ਦਿੰਦੇ ਹੋਏ ਭਗਤ ਜਨਾਂ ਦੇ ਬੋਲਾਂ ਦਾ ਵਚਨਾਂ ਰਾਹੀਂ ਪੂਰਾ ਹੋਣਾ ਤੇ ਪ੍ਰਤੱਖ ਸੁਣਨਾ

ਪਰ ਮੁਗਧ ਨਰ, ਸੰਤਾਂ ਨਾਲ ਖਹਿਬੜਨ ਕਾਰਨ ਕਦੇ ਸੁੱਖ ਨਹੀਂ ਪਾਉਂਦੇ, ਅਹੰਕਾਰ ਵਿੱਚ ਲੜਦੇ, ਵਿਚਾਰੇ, ਧੁਰੋਂ ਬੇਭਾਗੇ, ਮੰਦੇ, ਪ੍ਰਾਰਬ੍ਰਹਮ ਦੀ ਮਾਰ ਦੇ ਮਾਰੇ ਕਿਸੇ ਦੇ ਸਕੇ ਨਹੀਂ ਬਣਦੇ, ਨਿਰਵੈਰ ਨਾਲ ਵੈਰ ਕਮਾਉਂਦੇ ਹੋਏ ਧਰਮ ਤੇ ਨਿਆਂ ਵਿਚ ਸੜਦੇ, ਸੰਤ ਜਨਾਂ ਦੇ ਸਰਾਪ ਕਾਰਨ ਭਟਕਣਾ ਦਾ ਸ਼ਿਕਾਰ ਹੁੰਦੇ ਹਨ। **ਪਉੜੀ ਤੇਰ੍ਹਵੀਂ** ਫਿਰ ਸੱਚ ਦੀ ਸਾਲਾਹਣਾ ਕਰਨ ਵਾਲੇ ਭਗਤਾਂ ਨੂੰ ਸਾਬਾਸ਼ ਦਿੰਦੀ ਹੋਈ ਕੁਰਬਾਨ ਜਾਂਦੀ ਹੈ। ਸੱਚ-ਸਰੂਪ ਅਕਾਲ ਪੁਰਖ ਸੱਚ ਹੋਣ ਕਾਰਨ ਸਭ ਦਾ ਆਸਰਾ (ਦੀਬਾਣ), ਸੱਚ ਨੂੰ ਧਿਆਉਣਾ ਸੱਚ-ਸਿਮਰਨ ਵਾਲਿਆਂ ਲਈ ਮਾਣ ਹੋਣ ਕਾਰਨ ਅੰਦਰੋਂ ਸੱਚੇ, ਮੁੱਖ ਉਜਲੇ, ਸੱਚ ਦੇ ਬੁਲਾਰੇ, ਸੱਚ ਨੂੰ ਸ਼ਕਤੀ ਮੰਨਦੇ, ਸੱਚ-ਸ਼ਬਦ ਦੀ ਨਿਸ਼ਾਨੀ ਹੋਣ ਕਾਰਨ ਅਜਿਹੇ ਭਗਤਾਂ ਨੂੰ ਗੁਰਮੁਖਿ ਸਲਾਹੁੰਦੇ ਹਨ।**ਪਉੜੀ ਚੌਦ੍ਹਵੀਂ** ਅਕਾਲ ਪੁਰਖ ਦੇ ਸੱਚ-ਸਰੂਪ ਨੂੰ ਸ਼ਾਹ, ਸਾਹਿਬ, ਅਲਖ ਵਜੋਂ ਸੰਬੋਧਨ ਕਰਦੀ ਹੋਈ ਗੁਰ-ਸ਼ਬਦ ਦੀ ਵਡਿਆਈ ਬਾਰੇ ਦੱਸਦੀ ਹੈ। ਸੱਚਾ ਸਾਹਿਬ ਪ੍ਰਭੂ ਅਤੇ ਸ਼ਾਹ ਰੂਪ ਵਿਚ ਸੱਚ ਨਾਮ ਦੀ ਪੂੰਜੀ ਗੁਰਮੁਖਾਂ ਵਣਜਾਰਿਆਂ ਨੂੰ ਦ੍ਰਿੜ ਕਰਵਾਉਂਦਾ ਹੈ। ਸੱਚ ਸਿਮਰਨ ਸੱਚ-ਵਣਜ ਰਾਹੀਂ ਨਿਆਰੇ ਗੁਣਾਂ ਨੂੰ ਕਥਨਾਂ, ਗੁਰ ਸ਼ਬਦ ਰਾਹੀ ਸੰਵਾਰ ਕੇ ਸੇਵਕੀ ਅਪਣਾਕੇ ਸੱਚ ਦਾ ਮਿਲਾਪ ਮਾਣਦੇ ਹਨ। **ਪਉੜੀ ਪੰਦਰ੍ਹਵੀਂ** ਪਿਛਲੀ ਪਉੜੀ ਦੇ ਸੱਚ ਨਾਮ ਦੀ ਵਣਜ ਨੂੰ ਵਿਸਥਾਰ ਦਿੰਦੀ ਹੋਈ ਮਨੁੱਖੀ ਕਾਇਆ ਨੂੰ ਸ਼ਾਨਦਾਰ ਕਿਲ੍ਹੇ ਵਜੋਂ ਰੂਪਮਾਨ ਕਰਦੀ ਹੈ। ਇਸ ਕਾਇਆ ਦੇ ਅੰਤਰਗਤ ਹੱਟੀਆਂ ਰੂਪੀ ਬਜ਼ਾਰ ਵਿਚ ਗੁਰਮੁਖ ਜਨ ਹਰਿ-ਵਸਤੂ ਦਾ ਸੌਦਾ ਲੈਂਦੇ, ਹੀਰਿਆ ਅਤੇ ਕੀਮਤੀ ਪੱਥਰਾਂ ਤੋਂ ਉਪਰ ਹਰਿ-ਨਾਮ ਨਿਧਾਨ ਦਾ ਵਣਜ ਕਰਦੇ ਹਨ, ਪਰ ਇਸ ਦੇ ਵਿਪਰੀਤ ਮੂਰਖ, ਮੂੜ, ਬੇਤਾਲੇ ਜਨ ਕਾਇਆ ਤੋਂ ਬਾਹਰ ਧਨ ਖੋਜਦੇ, ਝਾੜੀਆਂ ਵਿਚ ਫਿਰਦੇ ਮਿਰਗ ਦੀ ਤਰ੍ਹਾਂ ਭਟਕਣਾ ਦਾ ਸ਼ਿਕਾਰ ਹੁੰਦੇ ਹਨ। **ਪਉੜੀ ਸੋਲ੍ਹਵੀਂ** ਕਾਇਆ/ਸਰੀਰ ਨੂੰ ਕੇਂਦਰਿਤ ਕਰਦੀ ਹੋਈ 'ਧਰਮ' ਵਜੋਂ ਪਰਿਭਾਸ਼ਿਤ ਕਰਦੀ ਹੈ। ਇਸ ਕਾਇਆ ਅੰਦਰ ਸੱਚੇ ਦੀ ਜੋਤ, ਨਾਮ ਰੂਪੀ ਕੀਮਤੀ ਗੁੱਝੇ ਰਤਨ ਲੁਕੇ ਹੋਏ ਹਨ, ਜਿਨ੍ਹਾਂ ਨੂੰ ਗੁਰਮੁਖ ਸੋਝੀ ਰਾਹੀਂ ਖੋਤ ਕੇ ਕੱਢਦਾ, ਰਾਮ ਰੂਪ ਵਿੱਚ ਉਸ ਦੀ ਸਾਰੇ ਪਸਾਰੇ ਦੇ ਤਾਣੇ-ਬਾਣੇ ਵਿਚ ਸਰਬ-ਵਿਆਪਕਤਾ ਤੇ ਇਕਰੂਪਤਾ ਦਾ ਪ੍ਰਤੱਖਣ ਤੇ ਮਨਨ ਕਰਦਾ, ਇਕ ਰੂਪ ਧੁਨੀ ਨੂੰ ਰਾਹੀਂ ਸੁਣਦਾ ਹੋਇਆ ਨਾਮ ਦੀ ਸਾਲਾਹਣਾ ਰਾਹੀਂ ਸੱਚੀ ਸੇਵਾ ਕਰਦਾ ਹੈ। **ਪਉੜੀ ਸਤਾਰ੍ਹਵੀਂ,** ਸੋਲਵੀਂ ਪਉੜੀ ਦੇ ਵਿਚਾਰ ਨੂੰ ਅਗਰਭੂਮੀ ਵਿਚ ਰੱਖ ਕੇ ਸਤਿਗੁਰੂ, ਗੁਰਮਖਿ ਅਤੇ ਮਨਮੁਖ ਨੂੰ ਸੰਕਲਪਿਕ ਆਧਾਰ ਦਿੰਦੀ ਹੈ। ਸੱਚਾ ਸਤਿਗੁਰੂ, ਅਗੰਮ-ਹਰਿ

ਨੂੰ ਹਿਰਦੇ ਵਿਚ ਵਸਾਉਂਦਾ, ਵਿਸ਼ੇ-ਵਿਕਾਰਾਂ ਨੂੰ ਖਤਮ ਕਰਨ ਵਾਲਾ ਪੁਰਖ ਹੁੰਦਾ ਹੈ। ਗੁਰੂ ਦੀ ਬਲਿਹਾਰਤਾ ਕਾਰਨ ਗੁਰਮਖਿ ਗੁਰੂ ਦੀ ਸਨਮੁਖਤਾ ਰਾਹੀਂ ਜਿੱਤਦਾ, ਪਰ ਮਨਮੁਖ ਹਾਰ ਦਾ ਸ਼ਿਕਾਰ ਹੁੰਦਾ ਹੈ। **ਪਉੜੀ ਅਠਾਰਵੀਂ** ਗੁਰੂ ਦੇ ਮਾਧਿਅਮ ਰਾਹੀਂ ਸੱਚੇ ਦੀ ਸੱਚੀ ਸਿਫ਼ਤ-ਸਲਾਹਣਾ ਦਾ ਪਰਿਪੇਖ ਸਿਰਜਦੀ ਹੈ। ਸੱਚੀ ਵਡਿਆਈ, ਅਮੁਲ, ਸੱਚ ਨਾਮ-ਰਸ ਨੂੰ ਚੱਖਣ ਵਾਲੇ ਤ੍ਰਿਪਤਵਾਨ ਬਣਦੇ ਤੇ ਹਰਿ ਰਸ ਨੂੰ ਗੂੰਗੇ ਦੀ ਮਠਿਆਈ ਖਾਣ ਵਾਂਗ ਕਥਨ ਤੋਂ ਬਾਹਰ ਹੁੰਦੇ, ਗੁਰੂ ਦੇ ਮਾਰਗ ਦਰਸ਼ਨ ਰਾਹੀਂ ਹਰਿ-ਸਿਮਰਨ ਦੇ ਪ੍ਰਵਰਤਕ ਬਣਨ ਤੇ ਮਨ ਦੇ ਹੁਲਾਸ ਵਿਚ ਆਉਣ ਨੂੰ ਚਿਤਰਿਤ ਕੀਤਾ ਗਿਆ ਹੈ। **ਪਉੜੀ ਉਨੀਵੀਂ** ਸਿਫ਼ਤ ਸਾਲਾਹਣਾ ਦੇ ਸੰਕਲਪ ਨੂੰ ਨਿਰਾਲੇ (ਗੁਰਮੁਖਿ) ਅਤੇ ਬੇਤਾਲੇ (ਮਨਮੁਖ) ਪੁਰਖਾਂ ਦੁਆਰਾ ਪਰਿਭਾਸ਼ਿਤ ਕਰਦੀ ਹੈ। ਨਿਰਾਲੇ ਪੁਰਖ ਸੱਚੀ ਸਾਲਾਹਣਾ ਵਾਲੇ, ਸਿਮਰਨ ਦੇ ਪ੍ਰਵਰਤਕ, ਸੱਚ ਨੂੰ ਮਨ ਵਿਚ ਵਸਾਉਣ ਵਾਲੇ, ਹਰਿ ਰੱਖਿਅਕ ਅਤੇ ਸੱਚ ਵਿਚ ਜਾ ਰਲਦੇ ਹਨ। ਪਰ ਬੇਤਾਲੇ (ਮਨਮੁਖਿ) ਸਿਮਰਨ ਹੀਣੇ, ਮੂੜ੍ਹਮੱਤ, ਸ਼ਰਾਬੀਆਂ ਦੀ ਨਿਆਈਂ ਕਬੋਲ ਬੋਲਦੇ ਹਨ।**ਪਉੜੀ ਵੀਹਵੀਂ** ਸੱਚੇ ਦੀ ਸੱਚੀ ਸਿਫ਼ਤ-ਸਲਾਹਣਾ ਨੂੰ 'ਸੱਚ' ਅਤੇ 'ਸਚਿਆਰ' ਦੇ ਪਰਿਪੇਖ ਵਿਚ ਰੂਪਮਾਨ ਕਰਦੀ ਹੈ। ਸੱਚੇ ਦੀ ਸਿਫ਼ਤ-ਸਲਾਹਣਾ ਦਾ ਸੰਬੰਧ ਆਂਤਰਿਕ ਤੇ ਭਾਵਾਤਮਿਕ ਤੌਰ ਤੇ ਜੁੜਨ, ਇਕ ਮਨ ਇਕ ਚਿੱਤ ਅਰਾਧਣ ਅਤੇ ਸਰੀਰਕ ਅਰੋਗਤਾ ਨਾਲ ਹੈ। ਸਚਿਆਰ ਪੁਰਖ ਅੰਮ੍ਰਿਤਵਾਨ ਹੋਣ ਕਾਰਨ ਸਾਬਾਸ਼ ਦਾ ਪਾਤਰ, ਸੱਚ ਦਾ ਸੱਚਾ ਪ੍ਰਵਰਤਕ, ਸੱਚੀ ਦਰਗਾਹ ਦਾ ਵਸਨੀਕ, ਮੁਬਾਰਕ ਜਨਮ ਅਤੇ ਉਜਲੇ ਮੁੱਖ ਵਾਲੇ ਹੁੰਦੇ ਹਨ। **ਪਉੜੀ ਇੱਕੀਵੀਂ** ਪਿਛਲੇਰੀ ਪਉੜੀ ਦੇ ਸਾਲਾਹਣਾ ਨੂੰ ਅਰਾਧਣ ਨਾਲ ਅਤੇ ਸਚਿਆਰ ਨੂੰ ਗੁਰਮੁਖਿ ਨਾਲ ਜੋੜਦੀ ਹੋਈ ਵਿਚਾਰ ਨੂੰ ਵਿਸਥਾਰ ਦਿੰਦੀ ਹੈ। ਇਸ ਪਉੜੀ ਵਿਚ ਵੀ ਜੁੜੇ ਹੋਇਆ ਨੂੰ ਸੱਚ ਨੂੰ ਭਾਉਂਦੇ, ਸੱਚੀ ਦਰਗਾਹ ਦੇ ਵਸਨੀਕ, ਸੱਚ ਨੂੰ ਸੁੱਤਿਆਂ-ਜਾਗਦਿਆਂ ਅਰਾਧਣ ਵਾਲੇ, ਵਿਰਲੇ ਅਸਤਿਤਵ ਵਾਲੇ, ਰਾਤ-ਦਿਨ ਸੱਚ-ਸਿਮਰਨ ਵਿਚ ਜੁੜੇ, ਤਨੋ-ਮਨੋ ਸੱਚ ਦੇ ਮਾਰਗ ਦਰਸ਼ਕ ਹੋਣ ਕਾਰਨ ਸਦੀਵੀ ਨਵੇਂਪਨ ਨੂੰ ਮਾਣਦੇ ਦਰਸਾਇਆ ਗਿਆ ਹੈ। **ਪਉੜੀ ਬਾਈਵੀਂ** ਸੱਚੇ ਦੇ ਸੱਚੇ-ਜਨ ਭਗਤ ਤੇ ਗੁਰਮੁਖਾਂ ਦੀ ਵਡਿਆਈ ਕਰਦੀ ਹੈ। ਭਗਤ ਜਨਾਂ ਦੁਆਰਾ ਸੱਚੇ ਨੂੰ ਅਰਾਧਣ, ਗੁਰਮੁਖਾਂ ਦੁਆਰਾ ਸੱਚੇ ਨੂੰ ਖੋਜਣ ਤੇ ਅੰਦਰੋਂ ਲੱਭਣ, ਕਾਲ ਮੁਕਤ,ਵੱਡੇ ਦੇ ਸਿਮਰਨ ਰਾਹੀਂ ਸੱਚ-ਰੂਪ ਹੋਣ, ਸੱਚੇ ਦੀ ਸ਼ਾਬਾਸ਼ ਤੇ ਸਿਮਰਨ ਰਾਹੀਂ ਫ਼ਲਵਰਤਕ ਬਣਦੇ ਹਨ। **ਪਉੜੀ ਤੇਈਵੀਂ** ਸੱਚੇ ਦੁਆਰਾ ਸਿਰਜੀ ਕਾਇਨਾਤ ਵਿਚੋਂ ਪੂਰੇ ਸਤਿਗੁਰੂ ਰਾਹੀਂ ਗੁਰਮੁਖਾਂ ਨੂੰ ਹਾਜ਼ਰ-ਨਾਜ਼ਰ ਹੋਣ ਅਤੇ

ਗੁਰਮੁਖਤਾ ਪ੍ਰਾਪਤੀ ਦਾ ਸੰਦੇਸ਼ ਦਿੰਦੀ ਹੈ। ਸੱਚੇ ਦੁਆਰਾ ਸਿਰਜੀ ਕੁਦਰਤਿ, ਦਿਨ-ਰਾਤ ਦੇ ਚੱਕਰ ਨੂੰ ਸੱਚ ਜਾਣਨ, ਸਦੀਵੀਂ ਸੱਚ ਤੇ ਅਮੁਲਤਾ ਸਰੂਪ ਦੀ ਸਾਲਾਹਣਾ ਤੇ ਵਡਿਆਈ ਪੂਰੇ ਸਤਿਗੁਰੂ ਰਾਹੀਂ ਹਾਜ਼ਰ-ਨਾਜ਼ਰ ਰੂਪ ਦਾ ਪ੍ਰਤੱਖਣ, ਗੁਰਮੁਖਾਂ ਦੁਆਰਾ ਸੱਚੇ ਦੀ ਸਿਫ਼ਤ-ਸਾਲਾਹ ਰਾਹੀਂ ਤ੍ਰਿਪਤਵਾਨ ਬਣਨ ਦਾ ਜ਼ਿਕਰ ਹੈ। **ਪਉੜੀ ਚੌਵੀਵੀਂ,** ਤੇਈਵੀਂ ਪਉੜੀ ਵਿਚਲੇ ਕਾਦਰ ਸਰੂਪ ਤੋਂ ਕਰਤਾ ਤੇ ਕਰਣਹਾਰ ਸਰੂਪ ਵੱਲ ਲਿਜਾਂਦੀ ਹੈ। ਕਰਤਾ ਰੂਪ ਵਿਚ ਉਹ ਜੀਆਂ ਅੰਦਰ ਵਰਤਦਾ, ਅਗਣਤ ਰੂਪ ਤੋਂ ਗਣਤ (ਦੁਨੀਆਂ) ਵਿਚ ਸ਼ੁਮਾਰ ਹੁੰਦਾ, ਕਰਣ-ਕਰਾਵਣਹਾਰ, ਸ੍ਰਿਸ਼ਟੀ ਦੇ ਘਟ-ਘਟ ਵਿਚ ਵਰਤਦਾ ਤੇ ਕੌਤਕ ਚਲਾਉਂਦਾ, ਬੇਪਰਵਾਹ ਸਤਿਗੁਰੂ-ਮਿਲਾਪ ਰਾਹੀਂ ਹਰਿ-ਮਿਲਾਪ ਦਾ ਪ੍ਰਵਰਤਕ ਬਣਦਾ ਹੈ। **ਪਉੜੀ ਪੱਚੀਵੀਂ** ਕਾਦਰ ਤੇ ਕਰਤਾ ਸਰੂਪ ਤੋਂ ਅੱਗੇ ਇਸ ਦੀ ਦੀਖਿਆ ਦੇਣ ਵਾਲੇ ਸਤਿਗੁਰੂ ਦੀ ਮਹਿਮਾ ਅਤੇ ਗੁਰਸਿੱਖੀ ਮਾਰਗ ਦੀ ਗੱਲ ਕਰਦੀ ਹੈ। ਸੇਵਾ ਦੀ ਸਫ਼ਲਤਾ, ਪਾਪਾਂ ਦੀ ਨਿਵਿਰਤੀ ਤਾਂ ਹੀ ਹੋ ਸਕਦੀ ਹੈ ਜੇ ਸਤਿਗੁਰੂ ਦੇ ਮਨ ਨੂੰ ਪਤੀਜੇ। ਸਿੱਖ ਦੁਆਰਾ ਸਤਿਗੁਰ ਦੇ ਉਪਦੇਸ਼ ਨੂੰ ਧਿਆਨ ਨਾਲ ਸ੍ਰਵਣ ਕਰਨਾ, ਭਾਣਾ ਮੰਨਣ ਨਾਲ ਚੌਗੁਣਾਂ ਰੂਪ ਅਖ਼ਤਿਆਰ ਕਰਨਾ ਅਤੇ ਗੁਰਮੁਖਾਂ ਨੂੰ ਗੁਰੂ ਦੀਖਿਆ ਰਾਹੀਂ ਖਿੜਾਉ ਦੀ ਅਵਸਥਾ ਪ੍ਰਾਪਤੀ ਦਾ ਵਰਣਨ ਹੈ। **ਪਉੜੀ ਛੱਬੀਵੀ ਪਿ**ਛਲੇਰੀ ਪਉੜੀ ਦਾ ਵਿਰੋਧਾਤਮਕ ਪਰਿਪੇਖ ਸਿਰਜ ਕੇ ਸਤਿਗੁਰੂ- ਹੀਣੇ ਕੂੜਿਆਰ ਅਤੇ ਸਤਿਗੁਰੂ-ਮਿਲੇ ਸਚਿਆਰ ਦਾ ਸੰਕਲਪਤਾਮਕ ਆਧਾਰ ਪੇਸ਼ ਕਰਦੀ ਹੈ। ਸਤਿਗੁਰੂ-ਹੀਣੇ ਕੂੜਿਆਰ ਕਠੋਰ ਚਿੱਤ, ਉਦਾਸ ਚਿੱਤ, ਛਲ-ਫ਼ਰੇਬੀ, ਕੂੜਿਆਰਾਂ ਦੀ ਕੁਸੰਗਤ ਕਰਦੇ, ਸੱਚ ਤੋਂ ਦੂਰ ਰਹਿੰਦੇ ਹਨ, ਪਰ ਦੂਜੇ ਪਾਸੇ ਸਚਿਆਰ ਸਿੱਖ ਸਤਿਗੁਰੂ ਦੀ ਸੰਗਤ ਤੇ ਮਿਲਾਪ ਨੂੰ ਮਾਣਦੇ ਹਨ। ਛੱਬੀਵੀਂ ਪਉੜੀ ਦੇ ਵਿਚਾਰਧਾਰਕ ਆਧਾਰ ਨੂੰ ਸਪੱਸ਼ਟ ਕਰਨ ਵਾਲੀ **ਸਤਾਈਵੀਂ ਪਉੜੀ** ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਕੂੜਿਆਰ ਪ੍ਰਾਣੀਆਂ ਦੇ ਮਾੜੇ ਕਾਰਜਾਂ ਵੱਲ ਝਾਤੀ ਦਿਵਾਉਂਦੇ ਹਨ। ਅਜਿਹੇ ਪ੍ਰਾਣੀ ਦਿਨ ਦੇ ਚਾਨਣ ਅਤੇ ਜਾਣੀਜਾਣ ਪ੍ਰਭੂ ਤੋਂ ਅਛੋਪਲੇ ਰੱਸੇ/ਫਾਹੀ ਲੈ ਕੇ ਤੁਰਦੇ, ਅੰਦਰ ਬੈਠ ਕੇ ਲੁਕ-ਲੁਕ ਪਰਾਈਆਂ ਨਾਰਾਂ ਤੱਕਦੇ, ਔਖੀਆਂ ਥਾਵਾਂ 'ਤੇ ਸੰਨ੍ਹ ਲਗਾਉਂਦੇ, ਸ਼ਰਾਬ-ਸਵਾਦ ਨੂੰ ਮਾਣਦੇ, ਤਿਲਾਂ ਦੀ ਘਾਣੀ ਦੀ ਤਰ੍ਹਾ ਮੌਤ ਦੇ ਫਰਿਸ਼ਤੇ ਦੁਆਰਾ ਪੀੜੇ ਜਾਂਦੇ ਅਤੇ ਉਹ ਆਪੋ-ਆਪਣੇ ਕਰਮਾਂ ਦਾ ਪਛਤਾਵਾ ਕਰਦੇ ਦਰਸਾਏ ਹਨ। **ਅਠਾਈਵੀਂ ਪਉੜੀ** ਇਸੇ ਵਿਚਾਰ ਨੂੰ ਨਾਰਾਇਣ ਵਜੋਂ 'ਦੁਰਕਾਰੇ' ਤੇ 'ਸਵੀਕਾਰੇ' ਜੀਵ ਦੀ ਤ੍ਰਾਸਦਿਕ ਹਾਲਤ ਰਾਹੀਂ ਪੇਸ਼ ਕਰਦੀ ਹੈ। ਅਕਾਲਪੁਰਖ-ਨਾਰਾਇਣ ਵਲੋਂ ਦੁਰਕਾਰੇ ਦੀ ਅਣਹੋਂਦੀ ਹਸਤੀ

ਅਣਗਿਣਤ ਪਾਪ ਕਰਦੀ, ਵਿਸ਼ੇ-ਵਿਕਾਰਾਂ ਗ੍ਰਸਤ ਜੀਵ ਭਲੇ ਪੁਰਖ ਦੀ ਨਿੰਦਾ ਵਿਚ ਖਚਿਤ ਹੁੰਦਾ ਹੋਇਆ ਸਾਹਿਬ ਦੀ ਮਾਰ ਦਾ ਮਾਰਿਆ ਹੁੰਦਾ ਹੈ, ਪਰ ਅਜਿਹਾ ਪੁਰਖ ਅਲੱਖ ਦੀ ਸ਼ਰਨ ਵਿਚ ਆਉਣ ਨਾਲ ਸਵੀਕਾਰਿਆ ਜਾਂਦਾ ਹੈ। **ਪਉੜੀ ਉਨੱਤੀਵੀਂ** ਸ਼ਰਨਾਗਤੀ ਦੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਸਤਿਗੁਰੂ ਦੀ ਤ੍ਰੁੱਠਤਾ ਤੇ ਬਖਸ਼ਿਸ਼ ਰਾਹੀਂ ਹਰਿ ਦੁਆਰਾ ਸੱਚਾ ਅਖੁਟ ਧਨ ਬਖ਼ਸ਼ਣਾ, ਸ਼ੰਕਿਆਂ ਤੋਂ ਨਿਵਿਰਤ ਕਰਨਾ, ਜਮਕਾਲ ਦੇ ਡਰ ਤੋਂ ਮੁਕਤ ਹੋਣਾ, ਸਾਧੂ-ਸੰਗ ਨਾਲ ਸਰੀਰਕ ਤੇ ਮਾਨਸਿਕ ਬੁਰਿਆਈਆਂ ਦਾ ਖ਼ਤਮ ਹੋਣਾ, ਸੱਚ-ਸਿਮਰਨ ਹੀਣੇ ਦਾ ਬੋਟਾਂ ਦੀ ਤਰ੍ਹਾਂ ਨਿਆਸਰੇ ਮਰਨਾ ਅਤੇ ਬਖ਼ਸ਼ਿਸ਼ ਰਾਹੀਂ ਨਾਮ ਦੇ ਸੰਗੀ ਹੋਣ ਦਾ ਵਰਣਨ ਕੀਤਾ ਹੈ। **ਪਉੜੀ ਤੀਹਵੀਂ** ਉਨੱਤੀਵੀਂ ਪਉੜੀ ਦੇ ਬਖਸ਼ਿਸ਼ ਦੇ ਸੰਕਲਪ ਨੂੰ ਖਸਮ, ਭਗਤ ਜਨਾਂ ਦਾ ਰਾਖਾ ਤੇ ਅਭਿਮਾਨੀ ਜਨਾਂ ਰਾਹੀਂ ਵਿਸਥਾਰ ਦਿੰਦੀ ਹੈ। ਹਰਿ, ਖਸਮ, ਵੱਡਾ ਧਣੀ ਰੂਪ ਵਿਚ ਭਗਤ ਜਨਾਂ ਦਾ ਰਾਖਾ ਬਣਦਾ ਹੈ, ਪਰ ਗੁਮਾਨੀ/ਅਹੰਕਾਰੀ ਜਨ ਉਨ੍ਹਾਂ ਦਾ ਕੁਝ ਵੀ ਨਹੀਂ ਵਿਗਾੜ ਸਕਦੇ। ਅਹੰਕਾਰ/ਗੁਮਾਨ ਵੱਸ ਵਿਸ਼ ਦਾ ਸ਼ਿਕਾਰ ਹੁੰਦੇ ਜ਼ਿੰਦਗੀ ਦੀ ਅਸਥਿਰਤਾ, ਥੋੜ੍ਹਚਿਰਤਾ ਤੇ ਕਰਮਸ਼ੀਲਤਾ ਨੂੰ ਉਜਾਗਰ ਕਰਦੀ ਹੈ। **ਪਉੜੀ ਇਕੱਤੀਵੀਂ** ਬਾਰ੍ਹਵੀਂ ਪਉੜੀ ਦੇ ਵਿਚਾਰ ਦਾ ਵਿਸਥਾਰ ਹੈ। ਜਿਸ ਵਿਚ ਸੰਤ ਜਨਾਂ ਦੀ ਵਿਚਾਰ, ਭਗਤ ਜਨਾਂ ਦੇ ਵਚਨ ਅਤੇ ਮੁਗਧ ਨਰਾਂ ਦੀ ਹੋਂਦ, ਸੰਤ ਸਰਾਪ ਦੇ ਮਾਰੇ, ਨਿਰਵੈਰ ਦੇ ਵੈਰੀ ਬਣਦੇ ਦਰਸਾਏ ਗਏ ਹਨ। **ਪਉੜੀ ਬੱਤੀਵੀਂ** ਅਸਲ ਵਿਚ ਤੀਹਵੀਂ ਪਉੜੀ ਦਾ ਵਿਸਥਾਰ ਲੱਗਦੀ ਹੈ ਭਾਵੇਂ ਕਿ ਬੱਤੀਵੀਂ ਪਉੜੀ ਵੀ ਇਸ ਵਿਚਾਰ ਨੂੰ ਪ੍ਰਪੱਕਤਾ ਦਿੰਦੀ ਹੈ। ਇਹ ਪਉੜੀ ਕਰਮਹੀਣਾਂ ਦੀ ਕਰਮਗਤੀ ਤੇ ਕਰਮਫ਼ਲ ਦੇ ਵਰਣਨ ਨੂੰ ਦ੍ਰਿਸ਼ਟਾਂਤਾਂ ਰਾਹੀਂ ਰੂਪਮਾਨ ਕਰਦੀ ਹੈ। ਕਰਮਫ਼ਲ ਦਾ ਸਬੰਧ ਕਰਮਾਂ ਨਾਲ ਹੈ ਜਿਵੇਂ ਵਰਇਤ ਲੋਹੇ ਨੂੰ ਚੱਬਣ ਨਾਲ ਉਹ ਸੰਘ ਵਿਚ ਫਸ ਜਾਂਦਾ ਹੈ, ਤਿਵੇਂ ਕਰਮਹੀਣ ਜਮਦੂਤ ਦੀ ਰੱਸੀ ਵਿਚ ਫਸ ਜਾਂਦੇ, ਨਿੰਦਾ-ਚੁਗਲੀ ਵਿਚ ਖਚਿਤ ਕਿਸੇ ਵੀ ਇੱਛਾਫ਼ਲ ਦੀ ਪ੍ਰਾਪਤੀ ਤੋਂ ਦੂਰ ਰਹਿੰਦੇ, ਅਕ੍ਰਿਤਘਣ ਹੋਣ ਕਾਰਨ ਜੂਨਾਂ ਵਿਚ ਫਿਰਦੇ, ਨਿਖੁਟੀਆਂ ਧਿਰਾਂ, ਅਸ਼ਾਂਤੀ, ਅਹੰਕਾਰ-ਸ ਗ੍ਰਸਤ, ਕਰਤੇ ਤੋਂ ਬੇਪ੍ਰਵਾਹ ਅਤੇ ਧਰਤੀ 'ਤੇ ਪਟਕਦੇ ਡਿੱਗਦੇ ਹਨ। ਅੰਤਿਮ **ਤੇਤੀਵੀਂ ਪਉੜੀ** ਇਸ ਵਾਰ ਦੇ ਮਹਾਤਮ ਨੂੰ ਪੇਸ਼ ਕਰਦੀ ਹੋਈ ਸਾਲਾਹਣਾ ਦੀ ਚਰਮਸੀਮਾ ਨੂੰ ਬਿਆਨ ਕਰਦੀ ਹੋਈ ਸਾਰੀਆਂ ਕਰਮਗਤੀਆਂ, ਕਰਮਫ਼ਲ ਤੇ ਪੂਰਨ ਸਮਰਪਣ ਦਾ ਸਬੰਧ ਤੇ ਅਸੰਬੰਧ ਨੂੰ ਅਕਾਲ ਪੁਰਖ ਦੀ ਭਾਉਣ/ਰਜ਼ਾ ਨਾਲ ਜੋੜਦੀ ਹੈ। ਜਿਵੇਂ:-

ਜਿਉ ਭਾਵੈ ਤਿਉ ਰਖੁ ਤੂ ਸਚਿਆ"

ਨਾਨਕ ਮਨਿ ਆਸ ਤੇਰੀ ਵਡ ਵਡੈ"।।

ਸਚਾ ਸਾਹਿਬ, ਅਤਿ-ਵੱਡਾ, ਵੱਡ-ਵੱਡਾ ਆਦਿ ਵਿਸ਼ੇਸ਼ਣੀ ਨਾਵਾਂ ਨਾਲ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਕਰਦਿਆਂ ਉਸਦੇ ਮਿਲਾਪ, ਉਸਦੀ ਬਖਸ਼ਿਸ਼ ਅਤੇ ਲੇਖੇ ਤੋਂ ਛੁਟਕਾਰਾ ਦਿਵਾਉਣ ਵਾਲੇ ਵਜੋਂ ਦਰਸਾਉਂਦੀ ਹੈ। ਇਹ ਪਉੜੀ ਮਿਲਾਪ ਦਾ ਸੰਬੰਧ ਸਤਿਗੁਰੂ ਦੇ ਮਿਲਾਪ ਰਾਹੀਂ ਮਨੋ ਤੇ ਤਨੋ (ਜੀਉ, ਸਰੀਰ, ਚੰਮ ਤੇ ਹੱਡੀਆਂ) ਪੂਰਨ ਸਮਰਪਣ ਅਤੇ ਸੱਚੇ ਅਕਾਲ ਪੁਰਖ ਦੀ ਰਜ਼ਾ ਤੇ ਵੱਡ-ਰੂਪ ਦੀ ਆਸ ਦੇ ਵਿਚਾਰਾਤਮਕ ਆਧਾਰ ਨੂੰ ਪੇਸ਼ ਕਰਦੀ ਹੈ।

III

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ 'ਗਉੜੀ ਕੀ ਵਾਰ' ਦਾ ਮੁਖ ਮਕਸਦ ਗੁਰਮਤਿ ਕਾਵਿ ਅਤੇ ਅਧਿਆਤਮਕ ਵਾਰ ਦੀ ਤਰ੍ਹਾਂ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਦਾ ਪਰਿਪੇਖ ਸਿਰਜਣਾ ਹੈ। ਸਿਫ਼ਤ ਸਾਲਾਹਣਾ ਦੇ ਵਿਭਿੰਨ ਪਰਿਪੇਖਾਂ ਦੀ ਸਿਰਜਣਾ ਪਹਿਲੀ ਪਉੜੀ ਤੋਂ ਪ੍ਰਾਰੰਭ ਹੋ ਕੇ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਅਠਾਈ ਪਉੜੀਆਂ ਅਤੇ ਫਿਰ ਗੁਰੂ ਅਰਜਨ ਦੇਵ ਜੀ ਦੁਆਰਾ ਇਸ ਵਾਰ ਵਿਚ ਅੰਕਿਤ ਕੀਤੀਆਂ ਪੰਜ ਪਉੜੀਆਂ ਅਰਥਾਤ ਕੁਲ ਤੇਤੀ ਪਉੜੀਆਂ ਤੱਕ ਚੱਲਦਾ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਅਧਿਆਤਮਕ ਵਾਰ ਵਿਚ ਯੋਧਨ ਅਤੇ ਦੁਰਯੋਧਨ ਦਾ ਭੇੜ ਹੈ। ਜਿਥੇ ਇੱਕ ਪਾਸੇ ਯੋਧਨ ਕੋਲ ਸੱਚ ਤੇ ਸੁੱਚ ਹੈ, ਪਰੰਤੂ ਦੁਰਯੋਧਨ ਕੂੜ ਦੇ ਹੱਕ ਵਿਚ ਲੜਦਾ ਹੈ। ਕੂੜ ਉਤੇ ਸੱਚ ਦੀ ਵਿਜੈ ਇਸ ਰੂਪ ਦਾ ਅੰਤਿਮ ਸੱਚ ਹੈ।[6] ਇਸ ਪ੍ਰਕਾਰ ਇਹ ਵਾਰ ਪਰਮਹਸਤੀ ਅਕਾਲਪੁਰਖ ਦੀ ਸਿਫ਼ਤ ਸਾਲਾਹਣਾ ਦਾ ਬਿਆਨ ਕਰਦੀ ਹੋਈ ਉਸ ਦੇ ਸੱਚ ਸਰੂਪ (ਪ.1), ਸਾਹਿਬ ਰੂਪ (ਪ.2), ਕਰਤਾ ਰੂਪ (ਪ.3), ਅਭੁਲ ਤੇ ਪ੍ਰਤਿਪਾਲਕ ਰੂਪ (ਪ.4) ਸਾਹਿਬ, ਸਤਿਗੁਰੂ ਤੋਂ ਵੱਡ ਜਾਣੀ ਮਨ ਭਾਣੀ ਤੇ ਮੂੜ ਅਜਾਣੀ (ਪ.5), ਸੱਚਾ ਨਿਆਇਕ (ਪ.6), ਹਰਿ ਦੀ ਵੱਡ-ਵਡਿਆਈ (ਪ.7), ਸੱਚ-ਸਤਿਗੁਰੂ ਦੀ ਇਕਰੂਪਤਾ (ਪ.8), ਵੇਪਰਵਾਹ (ਪ.9), ਆਦਿ ਰੂਪ ਵਿਚ ਹੁੰਦੀ ਹੋਈ ਛੱਬੀਵੀਂ ਪਉੜੀ ਵਿਚਲੇ ਵਿਰੋਧਾਤਮਕ ਰੂਪ (ਵਿਰੋਧੀ ਟੱਕਰ/ਟਕਰਾ) ਵਿਚ ਯੋਧਨ (ਸੱਚਿਆਰ) ਅਤੇ ਦੁਰਯੋਧਨ (ਕੁੜਿਆਰ) ਰੂਪ ਵਿਚ ਪੁੱਜਦਾ ਹੈ ਤਾਂ ਮਹਲਾਂ ਪੰਜਵਾਂ ਦੁਆਰਾ ਰਚਿਤ ਸਤਾਈਵੀਂ ਪਉੜੀ ਵਿਚ ਦੁਰਯੋਧਨ ਦੇ ਕਿਰਦਾਰ ਤੇ ਕਾਰਜ ਨੂੰ ਹੋਰ ਗੰਭੀਰ ਰੂਪ ਵਿਚ ਰੂਪਮਾਨ ਕੀਤਾ ਗਿਆ ਹੈ। ਇਸ ਉਪਰੰਤ ਅਗਲੀਆਂ ਪਉੜੀਆਂ ਵਿਚ ਇਹ

ਟਕਰਾ/ਵਿਰੋਧ ਸਵੀਕਾਰੇ-ਦੁਰਕਾਰੇ, ਸ਼ਰਨਾਗਤ-ਤ੍ਰਿਸਕਾਰਿਤ, ਬਖਸ਼ਿਸ਼ਵਾਨ-ਅਭਿਮਾਨੀ, ਭਗਤ ਜਨ-ਮਗਧ ਨਰ, ਕਰਮਸ਼ੀਲ ਅਤੇ ਕਰਮਹੀਣ ਰੂਪ ਵਿਚ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਜਿੱਥੇ 'ਗਉੜੀ ਕੀ ਵਾਰ' ਅਕਾਲਪੁਰਖ ਦੀ ਸਲਾਹਣਾ ਨੂੰ ਵਿਭਿੰਨ ਪਰਿਪੇਖਾਂ ਰਾਹੀਂ ਪੇਸ਼ ਕਰਦੀ ਹੈ, ਉਥੇ ਹੀ ਵਾਰ ਦੇ ਰੂਪ ਵਿਚ ਵਿਭਿੰਨਤਾ ਲਿਆਉਂਦੀ ਹੋਈ ਅਧਿਆਤਕਮ ਵਾਰ-ਕਾਵਿ ਪਰੰਪਰਾ ਦੇ ਵਿਧਾਗਤ ਸਰੂਪ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

**ਹਵਾਲੇ**

1. ਭਾਈ ਕਾਨ੍ਹ ਸਿੰਘ ਨਾਭਾ,ਗੁਰੁਛੰਦ ਦਿਵਾਕਰ, ਭਾਸ਼ਾ ਵਿਭਾਗ ਪੰਜਾਬ,1991,ਪੰਨਾ 139-140.
2. ਉਹੀ, ਪੰਨਾ 141-145.
3. ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ: ਰਚਨਾ ਰੂਪ, ਨੈਸ਼ਨਲ, ਬੁਕ ਸ਼ਾਪ, ਨਵੀਂ ਦਿੱਲੀ, 1989,
   ਪੰਨਾ 116.
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 301-319
5. ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ॥...ਅੰਗ.301.
6. ਡਾ. ਬਲਦੇਵ ਸਿੰਘ ਚੀਮਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗਤ ਤੇ ਪਾਸਾਰ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2008, ਪੰਨਾ 133.